2010 ਅੰਤਰ ਵਿਸ਼ਵਾਸ ਦੀ ਹਿੱਸੇਦਾਰੀ 2010 ਧਰਮੀ ਆਗੂਆਂ ਦਾ ਸਿਖਰ ਸੰਮੇਲਨ

## ਨੇਤਾਵਾਂ ਨੂੰ ਪ੍ਰੇਰਨਾ ਅਤੇ ਅਮਲ ਕਰਨ ਦਾ ਸਮਾਂ

ਇੱਕੀਵੀਂ ਸਦੀ ਦਾ ਦੂਜਾ ਦਹਾਕਾ ਸਾਡੇ ਤੇ ਨਿਰਭਰ ਹੈ। 2010 ਸਾਂਝੀ ਮਨੁੱਖਤਾ ਲਈ ਜ਼ਰੂਰੀ ਹੈ। ਇਸ ਸਾਲ ਪੌਣ-ਪਾਣੀ, ਅਮਨ ਅਤੇ ਸੁਰੱਖਿਆ ਦੇ ਫੈਸਲੇ ਅਮਲ ਵਿੱਚ ਲਿਆਂਦੇ ਜਾਣਗੇ। ਜੂਨ ਦੇ ਮਹੀਨੇ ਓਨਟਾਰੀਓ ਸੂਬੇ ਦੇ ਹੰਟਸਵਿਲ (Huntsville) ਸ਼ਹਿਰ ਵਿੱਚ ਜੀ-੨੦ (G-20) ਦੇ ਨੇਤਾਵਾਂ ਦੀ ਉੱਚ ਪੱਧਰ ਦੀ ਕਾਂਨਫਰੰਸ ਬੁਲਾਈ ਜਾ ਰਹੀ ਹੈ।

2010 ਦੇ ਸਾਲ ਵਿੱਚ ਕਨੇਡਾ ਅਤੇ ਦੁਨੀਆਂ ਭਰ ਵਿੱਚ ਧਰਮੀ ਆਗੂਆਂ ਨੂੰ ਅਮਲ ਕਰਨ ਦੀ ਪ੍ਰੇਰਨਾ ਦੀ ਆਵਾਜ਼ ਉਠਾਈ ਜਾ ਰਹੀ ਹੈ। ਅਸੀਂ ਜ਼ਿੰਦਗੀ ਪ੍ਰਦਾਨ ਕਰਨ ਵਾਲੇ ਅਮਲਾਂ ਨੂੰ ਜਾਰੀ ਰੱਖਾਂਗੇ। ਅਸੀਂ ਹਕੂਮਤ ਦੇ ਪ੍ਰਤੀਨਿੱਧਾਂ ਤੋਂ ਮੰਗ ਕਰਦੇ ਹਾਂ ਕਿ ਉਹ ਘੱਟ ਵਕਤ ਦੇ ਪ੍ਰੋਗਰਾਮਾਂ ਨੂੰ ਛੱਡ ਕੇ ਲੰਬੇ ਸਮੇਂ ਦੇ ਪ੍ਰੋਗਰਾਮਾਂ ਵੱਲ ਧਿਆਨ ਦੇਣ ਤਾਂ ਕਿ ਇਸ ਧਰਤੀ ਦੇ ਵਸਨੀਕਾਂ ਨੂੰ ਪ੍ਰਫੁਲਤ ਹੋਣ ਦਾ ਮੌਕਾ ਮਿਲੇ।

## ਧਰਤੀ ਦੀ ਸੰਭਾਲ

ਵਾਤਾਵਰਨ ਦੀ ਤਬਦੀਲੀ ਸਾਡੀ ਸਾਂਝੀ ਦੁਰਵਰਤੋਂ ਕਰ ਕੇ ਸਾਡੇ ਚੁਗਿਰਦੇ ਨੂੰ ਤਬਾਹ ਕਰ ਰਹੀ ਹੈ ਜੋ ਸਾਨੂੰ ਜ਼ਿੰਦਗੀ ਪ੍ਰਦਾਨ ਕਰਦਾ ਹੈ। ਬਰਫ ਦੀਆਂ ਚਟਾਨਾਂ ਪਿਘਲਣ ਦੇ ਨਤੀਜੇ ਵਜੋਂ ਸਮੁੰਦਰਾਂ ਦੇ ਪਾਣੀ ਚੜ੍ਹਨ ਨਾਲ ਜਾਨਵਰ, ਪੌਦੇ ਅਤੇ ਲੱਖਾਂ ਹੀ ਇਨਸਾਨਾਂ ਦੀਆਂ ਜਾਨਾਂ ਨੂੰ ਖਤਰਾ ਹੈ।

2010 ਵਿੱਚ ਅਸੀਂ ਆਸ ਰੱਖਦੇ ਹਾਂ ਕਿ ਉਪਜਾਊ ਭਾਵਨਾ ਨਾਲ ਸਾਡੇ ਨੇਤਾ ਧਰਤੀ ਦੀ ਸੰਭਾਲ ਕਰਨਗੇ।

- ਅਮੀਰ ਮੁਲਕ ਆਪਣੇ ਨਿੱਜੀ ਲਾਭਾਂ ਤੋਂ ਉੱਚਾ ਉੱਠ ਕੇ ਉੱਚੇ ਹੌਸਲੇ ਨਾਲ ਕਦਮ ਚੁੱਕਣ ਜਿਸ ਨਾਲ ਸਾਡੀ ਧਰਤੀ ਦੀ ਸੰਭਾਲ ਹੋ ਸਕੇ। ਵਾਤਾਵਰਨ ਦੇ ਬਦਲਨ ਵਿੱਚ ਯੋਗ ਜੁਗਤ ਲਾਗੂ ਕੀਤੀ ਜਾਵੇ ਕਿ ਸਨਤੀ ਵਕਤ ਤੋਂ ਪਹਿਲਾਂ (Pre-Industrial) ਨਾਲੋਂ ਧਰਤੀ ਦਾ ਤਾਪਮਾਨ ਦੋ ਡਿਗਰੀ ਸੈਂਟੀਗ੍ਰੇਡ ਤੋਂ ਉੱਪਰ ਨਾ ਜਾਵੇ।
- ਨਵੇਂ ਉੱਭਰ ਰਹੇ ਮੁਲਕਾਂ ਲਈ ਇਹ ਵੰਗਾਰ ਗੁੰਝਲਦਾਰ ਹੈ ਕਿਉਂਕਿ ਉਨਤੀ, ਗਰੀਬੀ ਦੂਰ ਕਰਨੀ ਅਤੇ ਆਲੇ-ਦੁਆਲੇ ਦੀ ਸੰਭਾਲ ਇੱਕਠੇ ਤੁਰਦੇ ਹਨ। ਇਸ ਲਈ ਅਮੀਰ ਅਤੇ ਗਰੀਬ ਮੁਲਕਾਂ ਵਿੱਚ ਸਾਂਝੀਵਾਲਤਾ ਨਾਲ ਇਸ ਵਾਤਾਵਰਨ ਦੀ ਬਦਲੀ ਨੂੰ ਅਨੁਕੂਲ ਅਤੇ ਘਟਾਇਆ ਜਾਵੇ।

# ਗਰੀਬੀ ਨੂੰ ਸੰਬੋਧਨ

ਇਸ ਧਰਤੀ ਤੇ ਰਹਿਣ ਵਾਲੇ ਤਕਰੀਬਨ ਅੱਧੇ ਇਨਸਾਨ ਗਰੀਬੀ ਅਤੇ ਗੈਰ ਮਹਿਫੂਜ਼ ਦਿੱਸ਼ਾ ਵਿੱਚ ਜ਼ਿੰਦਗੀ ਦੀਆਂ ਜ਼ਰੂਰੀ ਵਸਤਾਂ ਅਤੇ ਸਨਮਾਨਤ ਪਦਵੀ ਤੋਂ ਬਿਨਾਂ ਜੀਅ ਰਹੇ ਹਨ। ਇਸ ਅਦਾਰੇ ਵਿੱਚ ਸਭ ਤੋਂ ਵੱਧ ਔਰਤਾਂ, ਬੱਚੇ, ਦੇਸੀ (Indigenous people) ਅਤੇ ਅਪਾਹਜ਼ ਹਨ। ਦੁਨੀਆਂ ਦੀ ਆਬਾਦੀ ਵਿੱਚ ਸੱਤਾਂ ਪਿੱਛੇ ਇੱਕ ਇਨਸਾਨ ਨੂੰ ਢੁਕਵੀਂ ਖੁਰਾਕ ਨਹੀਂ ਮਿਲਦੀ। ਇਹ ਅਮੀਰੀ ਅਤੇ ਗਰੀਬੀ ਦੇ ਵਧ ਰਹੇ ਫਾਸਲੇ ਕਾਰਨ ਹੋ ਰਿਹਾ ਹੈ।
ਸਾਰੇ ਧਰਮਾਂ ਵਿੱਚ ਇਹ ਸਾਂਝਾ ਸਿਧਾਂਤ ਹੈ ਕਿ ਅਸੀਂ ਦੂਸਰਿਆਂ ਨਾਲ ਉਸੇ ਤਰ੍ਹਾਂ ਦਾ ਵਰਤਾਓ ਕਰੀਏ ਜਿਸ ਤਰ੍ਹਾਂ ਦਾ ਵਰਤਾਓ ਅਸੀਂ ਦੂਸਰਿਆਂ ਪਾਸੋਂ ਚਾਹੁੰਦੇ ਹਾਂ। ਇਹ ਸੁਨਿਹਰੀ ਅਸੂਲ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਇੱਕ ਮੁੱਠ ਹੋ ਕੇ ਸਭ ਦੀ ਸੰਭਾਲ ਕਰੀਏ। ਭਾਵੇਂ ਗਰੀਬੀ ਸਥਾਨਕ ਹੈ ਪਰ ਇਹ ਅੰਤਰ-ਰਾਸ਼ਟਰੀ ਵੀ ਹੈ ਅਤੇ ਕਿਸੇ ਦਾ ਦੁੱਖ ਸਾਡਾ ਸਾਂਝਾ ਮਾਮਲਾ ਹੈ।

2010 ਵਿੱਚ ਅਸੀਂ ਆਸ ਰਖਦੇ ਹਾਂ ਕਿ ਉਪਜਾਊ ਭਾਵਨਾ ਨਾਲ ਸਾਡੇ ਨੇਤਾ ਗਰੀਬੀ ਨੂੰ ਸਰਗਰਮੀ ਨਾਲ ਨਜਿੱਠਣਗੇ।

- ਅਮੀਰ ਮੁਲਕ ਆਪਣਾ ਬਣਦਾ ਯੋਗਦਾਨ ਪਾਉਣ। ਆਪਣੇ ਮੁਲਕ ਦੀ ਕੁੱਲ ਘਰੇਲੂ ਪੈਦਾਵਾਰ ਦਾ 0.7% ਹਿੱਸਾ ਗਰੀਬੀ ਨੂੰ ਦੂਰ ਕਰਨ ਲਈ ਪਾਉਣ। ਗਰੀਬ ਮੁਲਕਾਂ ਦੇ ਕਰਜ਼ਿਆਂ ਨੂੰ ਮੁਆਫ ਕਰਨ ਵਿੱਚ ਸਹਾਇਤਾ ਕਰਨ। ਕਾਮਿਆਂ ਨੂੰ ਚੰਗੀ ਤਨਖਾਹ ਦੇਣ, ਵਧੀਆ ਸਲੂਕ ਕਰਨ ਅਤੇ ਗਰੀਬੀ ਨੂੰ ਦੂਰ ਕਰਨ ਲਈ ਪਹਿਲ ਦੇਣ।

- ਨਵੇਂ ਉਭਰ ਰਹੇ ਮੁਲਕ ਵੀ ਆਪਣਾ ਹਿੱਸਾ ਪਾਉਣ ਅਤੇ ਗਰੀਬੀ ਨੂੰ ਘਟਾਉਣ ਲਈ ਰਾਜਨੀਤੀ (ਪਾਲਿਸੀ) ਅਪਨਾਉਣ ਤਾਂ ਕਿ ਹਰ ਇੱਕ ਨੂੰ ਜ਼ਿੰਦਗੀ ਦੀਆਂ ਜ਼ਰੂਰੀ, ਜਾਣੀ ਕਿ ਖੁਰਾਕ, ਸਾਫ ਪਾਣੀ, ਸਿਹਤ, ਵਿਦਿਆ ਅਤੇ ਮਾਲੀ ਹਾਲਤ ਸੁਧਾਰਨ ਦਾ ਮੌਕਾ ਮਿਲ ਸਕੇ।

# ਅਮਨ ਲਈ ਪੂੰਜੀ ਨਿਵੇਸ਼

ਸਭ ਦੀ ਭਲਾਈ ਸਾਂਝੀ ਸਲਾਮਤੀ ਵਿੱਚ ਹੀ ਅਨੁਭਵ ਹੋਵੇਗੀ। ਜਦੋਂ ਅਸੀਂ ਤਰਜੀਹ ਕਰਦੇ ਹਾਂ ਤਦ ਦੁਨੀਆਂ ਦੇ ਗਰੀਬ ਮੁਲਕਾਂ ਦੇ ਸ਼ਹਿਰੀ ਹੀ ਜੰਗ, ਬਾਗੀ, ਅਤੇ ਅਪਰਾਧੀ ਹੋਣ ਦਾ ਸ਼ਿਕਾਰ ਬਣਦੇ ਹਨ। ਇਸੇ ਕਾਰਨ ਇਹ ਅਸਰ ਸਾਡੇ ਸਭ ਉੱਤੇ ਪੈਂਦਾ ਹੈ। ਇਸ ਦੀ ਇੱਕ ਸਾਫ ਮਿਸਾਲ ਇਹ ਹੈ ਕਿ 2008 ਵਿੱਚ ੧੪੬੪ ਕ੍ਰੋੜ ਯੂ.ਐਸ ਡਾਲਰ ਫੌਜਾਂ ਤੇ ਖਰਚ ਕੀਤਾ ਗਿਆ ਜਦੋਂ ਕਿ ਯ. ਐਨ ਦੀ ਅਮਨ ਰੱਖਣ ਵਾਲੀ ਫੌਜ ਤੇ ਸਿਰਫ 90 ਲੱਖ ਡਾਲਰ ਖਰਚ ਹੋਇਆ ਹੈ।
ਇਹ ਵੀ ਅਸੀਂ ਮੰਨਦੇ ਹਾਂ ਕਿ ਕਈ ਇਨਸਾਨ ਧਰਮ ਦੇ ਨਾਉਂ ਤੇ ਦੂਜਿਆਂ ਤੇ ਜ਼ੁਲਮ ਕਰਦੇ ਹਨ ਜੋ ਕਿ ਧਰਮਾਂ ਦੀ ਪਰਿਭਾਸ਼ਾ ਅਤੇ ਸਿੱਖਿਆ ਦੇ ਬਿਲਕੁਲ ਉਲਟ ਹੈ। ਸਾਨੂੰ ਇਕੱਠੇ ਹੋ ਕੇ ਅਮਨ ਦੇ ਸਦਾ ਬਹਾਰ ਰਸਤੇ ਬਣਾਉਣੇ ਚਾਹੀਦੇ ਹਨ।

2010 ਵਿੱਚ ਅਸੀਂ ਆਸ ਰਖਦੇ ਹਾਂ ਕਿ ਉਪਜਾਊ ਭਾਵਨਾ ਨਾਲ ਸਾਡੇ ਨੇਤਾ ਸਰਗਰਮੀ ਨਾਲ ਅਮਨ ਲਈ ਪੂੰਜੀ ਨਿਵੇਸ਼ ਕਰਨਗੇ।

- ਅਸੀਂ ਸਾਰੇ ਮੁਲਕਾਂ ਦੀਆਂ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਅਮਨ ਰੱਖਣ ਲਈ ਉਹ ਆਪਸ ਵਿੱਚ ਵਿਚਾਰ ਵਟਾਂਦਰੇ ਰਾਹੀਂ ਛੋਟੇ ਹਥਿਆਰਾਂ ਦੀ ਬਣਤਰ ਅਤੇ ਵਰਤੋਂ ਤੇ ਰੋਕ ਲਾਉਣ ਜਿਨ੍ਹਾਂ ਕਾਰਣ ਹਰ ਸਾਲ ਦੁਨੀਆਂ ਵਿੱਚ ਤਿੰਨ ਲੱਖ ਇਨਸਾਨ ਮਾਰੇ ਜਾਂਦੇ ਹਨ।

- ਅਸੀਂ ਪ੍ਰਮਾਣੂ ਹਥਿਆਰਾਂ ਵਾਲੇ ਮੁਲਕਾਂ ਨੂੰ ਵੀ ਇਹ ਕਹਿੰਦੇ ਹਾਂ ਕਿ ਉਹ ਇਸੇ ਵਕਤ ਹੀ ਪ੍ਰਮਾਣੂ ਹਥਿਆਰਾਂ ਵਿੱਚ ਕਟਾਉਤੀ ਕਰਨ। ਐਸੇ ਕਦਮ ਉਠਾਉਣ ਨਾਲ ਅੱਗਲੇ ਦਸਾਂ ਸਾਲਾਂ ਵਿੱਚ ਪ੍ਰਮਾਣੂ ਹਥਿਆਰਾਂ ਦਾ ਖਾਤਮਾ ਹੋ ਸਕਦਾ ਹੈ।

# ਸਾਡੀ 2010 ਲਈ ਸਹੀ ਖਾਹਿਸ਼

ਅਸੀਂ ਦੁਨੀਆਂ ਦੇ ਸਾਰੇ ਧਾਰਮਿਕ ਨੇਤਾਵਾਂ ਤੋਂ ਇਹ ਆਸ ਰਖਦੇ ਹਾਂ ਕਿ ਉਹ ਆਪਣਾ ਯੋਗਦਾਨ ਪਾ ਕੇ ਗਰੀਬੀ ਨੂੰ ਘਟਾਉਣ, ਧਰਤੀ ਦੀ ਭਲਾਈ ਅਤੇ ਅਮਨ ਲਈ ਕੰਮ ਕਰਨ। ਅਸੀਂ ਆਪਣੀਆਂ ਸਰਕਾਰਾਂ ਦੇ ਨੇਤਾਵਾਂ ਦੇ ਫੈਸਲਿਆਂ ਤੇ ਵੀ ਨਿਗਰਾਨੀ ਰੱਖਾਂਗੇ। ਅਸੀਂ ਉਮੀਦ ਕਰਦੇ ਹਾਂ ਕਿ ਪਿੱਛਲੇ ਵਾਇਦੇ ਵੀ ਪੂਰੇ ਕੀਤੇ ਜਾਣ। ਅਸੀਂ ਖਾਹਿਸ਼ ਰਖਦੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਸਾਡੇ ਨੇਤਾਵਾਂ ਨੂੰ ਪ੍ਰਮਾਤਮਾ ਇਸ ਨਾਜ਼ੁਕ ਸਮੇਂ ਵਿੱਚ ਇੱਕ ਨਵਾਂ ਇਤਿਹਾਸ ਸਿਰਜਣ ਦੀ ਸੋਝੀ ਬਖਸ਼ੇ।